# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ

# ਮਿਤੀ **31.8.2020**

# ਦੀ ਕਾਰਵਾਈ

(ਮਤਾ ਨੰ: **134-139** )

ਕੋਵਿਡ-19(ਕੋਰੋਨਾ ਵਾਇਰਸ) ਇਸ ਵੇਲੇ ਪੂਰੇ ਵਿਸ਼ਵ ਵਿਚ ਫੈਲ ਚੁੱਕਿਆ ਹੈ, ਜਿਸ ਨੂੰ ਸਰਕਾਰ ਵਲੋਂ ਮਹਾਂਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ। ਪੰਜਾਬ ਸਰਕਾਰ ਵਲੋਂ ਜਾਰੀ ਹਦਾਇਤਾਂ ਨੰਬਰ:SS/ACSH/2020/528, ਮਿਤੀ 13.7.2020 ਅਤੇ ਜਿਲ੍ਹਾ ਮੈਜਿਸਟਰੇਟ ਵਲੋਂ ਸ਼ਹਿਰ ਵਿਚ ਸੈਕਸ਼ਨ 144 ਅਧੀਨ 5 ਤੋਂ ਵੱਧ ਵਿਅਕਤੀਆਂ ਦੇ ਇਕੱਠ ਨਾ ਹੋਣ ਸਬੰਧੀ ਜਾਰੀ ਹਦਾਇਤਾਂ ਅਤੇ ਕਮਿਸ਼ਨਰ ਜੀ ਦੇ ਦਫਤਰੀ ਪੱਤਰ ਨੰ:PA/2020/113-120, ਮਿਤੀ 20.7.2020 ਦੀ ਰੋਸ਼ਨੀ ਵਿਚ ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 31.8.2020 ਨੂੰ ਜ਼ੂਮ ਐਪ (ਆਨਲਾਇਨ ਤਰੀਕੇ) ਰਾਹੀਂ ਹੋਈ ਜਿਸ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ਼੍ਰੀ ਕਰਨੇਸ਼ ਸ਼ਰਮਾ, ਆਈ.ਏ.ਐਸ., ਕਮਿਸ਼ਨਰ, ............... ਮੈਂਬਰ
3. ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ, ............. ਮੈਂਬਰ
4. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ
5. ਸ਼੍ਰੀ ਗਿਆਨ ਚੰਦ, ਕੌਂਸਲਰ ..................................... ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
31.8.2020

ਮਤਾ ਨੰ: 134
ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ **14.8.2020** ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 14.8.2020 ਨੂੰ ਵਰਚੂਅਲ ਤਰੀਕੇ ਨਾਲ ਹੋਈ ਦੀ ਕਾਰਵਾਈ ਮੀਟਿੰਗ ਤੋਂ ਪਹਿਲਾਂ ਹੀ ਸਬੰਧਤ ਕੌਂਸਲਰ/ਮੈਂਬਰ ਸਾਹਿਬਾਨਾਂ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ ਜੀ ।

ਫੈਸਲਾ:

- ਮਿਤੀ 6.7.2020 ਦੀ ਮੱਦ ਨੰ: 96 ਅਤੇ 97 ਸਬੰਧੀ ਮਿਤੀ 14.8.2020 ਨੂੰ ਐਸ.ਈ. (ਬੀ ਐਂਡ ਆਰ) ਨੂੰ ਹਦਾਇਤ ਕੀਤੀ ਗਈ ਸੀ ਕਿ ਦੋਵੇਂ ਸੋਧੇ ਜਾਣ ਵਾਲੇ ਕੰਮਾਂ ਦੇ ਮੌਕੇ ਅਤੇ ਨਕਸ਼ੇ ਉਹਨਾਂ ਨੂੰ ਮਿਤੀ 17.8.2020 ਨੂੰ ਵਖਾਏ ਜਾਣ ।ਐਸ.ਈ.(ਬੀ.ਐਂਡ.ਆਰ) ਵਲੋਂ ਦੱਸਿਆ ਗਿਆ ਕਿ ਦੋਵੇਂ ਕੰਮਾਂ ਦੇ ਨਕਸ਼ੇ ਤਿਆਰ ਕਰ ਲਏ ਗਏ ਹਨ ਜਿਸ ਤੇ ਮੇਅਰ ਜੀ ਨੇ ਪੁੱਛਿਆ ਕਿ ਤੁਹਾਨੂੰ ਪਤਾ ਹੈ ਕਿ ਕਿਥੇ ਰੋਡ ਗਲੀ ਬਣਾਈ ਗਈ ਹੈ ਜਾਂ ਮੈਨਹੋਲ ਉੱਚਾ ਕੀਤਾ ਗਿਆ ਹੈ? ਜਿਸ ਤੇ ਐਸ.ਈ. (ਬੀ.ਐਂਡ ਆਰ) ਨੇ ਕਿਹਾ ਕਿ ਬੁੱਧਵਾਰ ਮਿਤੀ 2.9.2020 ਨੂੰ ਉਹ ਮੇਅਰ ਜੀ ਨੂੰ ਮੌਕਾ ਵਿਖਾ ਦੇਣਗੇ ।
- ਮਿਤੀ 24.7.2020 ਦੀ ਮੱਦ ਨੰ: 108 ਅਤੇ 109 ਸਬੰਧੀ ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਨੇ ਦੱਸਿਆ ਕਿ ਸਬੰਧਤ ਕੰਮਾਂ ਦੇ ਦਸਤਾਵੇਜ਼ ਉਹਨਾਂ ਪਾਸ ਆ ਗਏ ਹਨ ਤੇ ਅਗਲੀ ਮੀਟਿੰਗ ਵਿੱਚ ਉਹ ਇਹਨਾਂ ਬਾਰੇ ਦੱਸਣਗੇ ਜਿਸ ਤੇ ਮੇਅਰ ਜੀ ਨੇ ਉਹਨਾਂ ਨੂੰ ਕਿਹਾ ਕਿ ਮੀਟਿੰਗ ਤੋਂ ਪਹਿਲਾਂ ਉਹ ਇਸ ਸਬੰਧੀ ਉਹਨਾਂ ਨੂੰ ਵੀ ਡਿਟੇਲ ਦੱਸ ਦੇਣ ।
- ਮਿਤੀ 14.8.2020 ਦੀਆਂ ਮੱਦਾਂ ਨੰ: 125 ਅਤੇ 126 ਸਬੰਧੀ ਮੇਅਰ ਜੀ ਨੇ ਦੱਸਿਆ ਕਿ ਕਮੇਟੀ ਬਣਾ ਦਿੱਤੀ ਗਈ ਹੈ ਅਤੇ ਅੱਗੋਂ ਤੋਂ ਕੋਈ ਵੀ ਭਰਤੀ ਕਮੇਟੀ ਦੀ ਮਜ਼ੂਰੀ ਤੋਂ ਬਗੈਰ ਨਹੀਂ ਹੋਵੇਗੀ ।
- ਮਿਤੀ 14.8.2020 ਦੀ ਮੱਦ ਨੰ: 127 ਜਿਹੜੀ ਕਿ ਲੰਬਿਤ ਰੱਖੀ ਗਈ ਸੀ ਸਬੰਧੀ ਮੇਅਰ ਜੀ ਨੇ ਕਿਹਾ ਕਿ ਅਗਲੀ ਮੀਟਿੰਗ ਵਿੱਚ ਇਸ ਤੇ ਵਿਚਾਰ ਕਰ ਲਿਆ ਜਾਵੇਗਾ ।
- ਮਿਤੀ 14.8.2020 ਦੀ ਮੱਦ ਨੰ: 128 ਸਬੰਧੀ ਫੈਸਲਾ ਹੋਇਆ ਸੀ ਕਿ ਮੱਦ ਵਿੱਚ ਦਰਜ ਕਮਿਸ਼ਨਰ ਜੀ ਦੀ ਟਿੱਪਣੀ ਸਬੰਧੀ ਸਬੰਧਤ ਅਧਿਕਾਰੀ ਜਵਾਬ ਦੇਣਗੇ ਜਿਸ ਤੇ ਕਮਿਸ਼ਨਰ ਜੀ ਨੇ ਕਿਹਾ ਕਿ ਉਹਨਾਂ ਵਲੋਂ ਅਧਿਕਾਰੀਆਂ ਨੂੰ ਦਿਸ਼ਾ-ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ ਅਤੇ ਅੱਗੋਂ ਤੋਂ ਅਜਿਹੀ ਕੋਈ ਡਿਲੇਅ ਨਹੀਂ ਬਰਦਾਸ਼ਤ ਕੀਤੀ ਜਾਵੇਗੀ ।
- ਮਿਤੀ 14.8.2020 ਦੀ ਮੱਦ ਨੰ: 129 (8) ਜਿਹੜੀ ਕਿ ਲੰਬਿਤ ਰੱਖੀ ਗਈ ਸੀ ਸਬੰਧੀ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਦੱਸਿਆ ਕਿ ਸ੍ਰੀ ਜਗਦੀਸ਼ ਕੁਮਾਰ ਦਕੋਹਾ, ਕੌਂਸਲਰ, ਸਬੰਧਤ ਐਸ.ਡੀ.ਓ. ਅਤੇ ਜੇ.ਈ. ਦੇ ਨਾਲ ਮੌਕਾ ਚੈਕ ਕੀਤਾ ਗਿਆ ਹੈ, ਸੁਪਰ ਸਕਸ਼ਨ ਮਸ਼ੀਨਾਂ ਨਾਲ ਉਥੇ ਸੀਵਰ ਦੀ ਸਫਾਈ ਕਰਵਾ ਦਿੱਤੀ ਗਈ ਹੈ ਅਤੇ ਕੋਈ ਸੱਮਸਿਆ ਨਹੀਂ ਹੈ ਤੇ ਕੋਈ ਸੀਵਰ ਲਾਈਨ ਪਾਉਣ ਦੀ ਲੋੜ ਨਹੀਂ ਹੈ ।ਇਸ ਲਈ ਇਹ ਟੈਂਡਰ ਰੱਦ ਕੀਤਾ ਜਾਂਦਾ ਹੈ ।
- ਮਿਤੀ 14.8.2020 ਦੀ ਮੱਦ ਨੰ: 133 ਜਿਹੜੀ ਕਿ ਲੰਬਿਤ ਰੱਖੀ ਗਈ ਸੀ ਸਬੰਧੀ ਸ੍ਰੀ ਰਾਹੁਲ ਧਵਨ, ਐਸ.ਈ. (ਬੀ.ਐਂਡ ਆਰ) ਨੇ ਦੱਸਿਆ ਕਿ ਸਬੰਧਤ ਜੇ.ਈ./ਐਸ.ਡੀ.ਓ. ਦੀ ਜਵਾਬ ਤਲਬੀ ਕੀਤੀ ਗਈ ਹੈ ਅਤੇ ਸਬੰਧਤ ਠੇਕੇਦਾਰ ਨੂੰ ਦੋ ਨੋਟਿਸ ਵੀ ਜਾਰੀ ਕੀਤੇ ਹੋਏ ਹਨ । ਮੇਅਰ ਜੀ ਨੇ ਕਿਹਾ ਕਿ ਕੀ ਤੁਹਾਡੀ ਕੋਈ ਜਿੰਮੇਵਾਰੀ ਨਹੀਂ ਹੈ? ਕੀ ਸਬੰਧਤ ਠੇਕੇਦਾਰ ਦੇ ਖ਼ਿਲਾਫ ਕੋਈ ਕਾਰਵਾਈ ਕਰਨੀ ਨਹੀਂ ਬਣਦੀ । ਇਸ ਸਬੰਧੀ ਉਹਨਾਂ ਨੂੰ ਤੱਥਾਂ ਤੇ ਅਧਾਰਤ ਰਿਪੋਰਟ ਅਗਲੀ ਮੀਟਿੰਗ ਵਿੱਚ ਦਿੱਤੀ ਜਾਵੇ ।
- ਉਪਰੋਕਤ ਪ੍ਰੇਖਣਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
31.8.2020

ਮਤਾ ਨੰ: 135

ਵਿਸ਼ਾ:- P/L of WBM, BM and PC on the Road of Hamilton Estate । ਬੀ. ਐਂਡ ਆਰ. ਸ਼ਾਖਾ ਦੇ ਟੈਂਡਰ ਦੀ ਪ੍ਰਵਾਨਗੀ ਸਬੰਧੀ। **(ਯੂ.ਈ.ਆਈ.ਪੀ. ਫੰਡਾਂ ਅਧੀਨ)**

ਹਵਾਲਾ: ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ:132(2) ਮਿਤੀ 14.8.2020 ਦੇ ਸਬੰਧ ਵਿਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਹਵਾਲੇ ਅਧੀਨ ਮਤਾ ਨੰ: 132(2) ਮਿਤੀ 14.8.2020 ਨੂੰ ਲੰਬਿਤ ਰੱਖਿਆ ਗਿਆ ਸੀ। ਇਸ ਸਬੰਧੀ ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਵਲੋਂ ਮਾਨਯੋਗ ਕਮਿਸ਼ਨਰ ਜੀ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਵਿਸ਼ੇ ਅਧੀਨ ਫਾਇਲ ਨੂੰ ਮੁੜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਦਾ ਫੈਸਲਾ ਲਿਆ ਗਿਆ ਹੈ। ਇਹ ਟੈਂਡਰ ਵਿੱਤ ਅਤੇ ਕਮੇਟੀ ਵਿਚ ਪ੍ਰਵਾਨਗੀ ਹਿਤ ਪੇਸ਼ ਹੈ। ਟੈਂਡਰ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਰੁਪਏ ਲੱਖਾਂ ਵਿੱਚ

| Sr. No. | W. No. | Name of Work | Est. Amt. | BOQ/ Sanctioned Amt. | Saving %age | Tender Amt. | Name of Agency | Tender called (No. of Times) | No. of Tenders Received | House Reso. & date |
|---|---|---|---|---|---|---|---|---|---|---|
| 1 | 41 | P/L of WBM, BM and PC on the Road of Hamilton Estate | 24.99 | 24.99 | 1.08% | 24.72 | M/s. Satish Aggarwal & Co. | 7th | 1 | 81(W-08) dt. 29.11.2019 |

ਫੈਸਲਾ :

ਪ੍ਰਵਾਨ ਹੈ ।ਮੇਅਰ ਜੀ ਨੇ ਸ੍ਰੀ ਰਜਨੀਸ਼ ਡੋਗਰਾ, ਐਸ.ਈ.(ਬੀ.ਐਂਡ ਆਰ) ਨੂੰ ਪੁੱਛਿਆ ਕਿ ਕੀ ਇਸ ਕੰਮ ਸਬੰਧੀ ਰੋਡ ਹਿਸਟਰੀ ਰਜਿਸਟਰ ਮੁਤਾਬਕ ਰਿਪੋਰਟ ਨਹੀਂ ਹੈ । ਜਿਸ ਤੇ ਐਸ.ਈ.(ਬੀ ਐਂਡ ਆਰ) ਨੇ ਦੱਸਿਆ ਕਿ ਇਹ ਕੰਮ ਪਹਿਲੀ ਵਾਰ ਨਗਰ ਨਿਗਮ ਜਲੰਧਰ ਕਰਵਾ ਰਹੀ ਹੈ । ਕਮਿਸ਼ਨਰ ਜੀ ਨੇ ਕਮੇਟੀ ਮੈਂਬਰਾਂ ਨੂੰ ਸੁਝਾਓ ਦਿੱਤਾ ਕਿ ਨਗਰ ਨਿਗਮ ਪੂਰੀ ਦੀ ਪੂਰੀ ਸੜਕ ਬਨਾ ਦਿੰਦੀ ਹੈ ਜਦ ਕਿ ਪੌਧੇ ਲਗਾਉਣ ਲਈ ਕੋਈ ਜਗ੍ਹਾ ਨਹੀਂ ਛੱਡੀ ਜਾਂਦੀ । ਜਿਸ ਤੇ ਮੇਅਰ ਜੀ ਨੇ ਕਿਹਾ ਕਿ ਇਹ ਕੰਮ ਸਬੰਧਤ ਜੇ.ਈ./ਐਸ.ਡੀ.ਓ. ਦੀ ਜਿੰਮੇਵਾਰੀ ਬਣਦੀ ਹੈ ਕਿ ਐਸਟੀਮੇਟ ਬਨਾਉਣ ਵੇਲੇ ਸੜਕ ਦੀ ਚੋੜਾਈ ਨੂੰ ਦੇਖਕੇ ਅਜਿਹਾ ਉਪਬੰਧ ਰੱਖਣ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

31.8.2020

ਮਤਾ ਨੰ: 136

ਵਿਸ਼ਾ:- ਕੰਸਟਰਕਸ਼ਨ ਆਫ ਸੀ.ਸੀ. ਰੋਡ ਅਲਾਂਗ ਗੰਦਾ ਨਾਲਾ, ਸ਼ਹੀਦ ਭਗਤ ਸਿੰਘ ਕਲੋਨੀ, ਵਾਰਡ ਨੰ: 64 (ਟੈਂਡਰ ਪ੍ਰਵਾਨਗੀ ਸਬੰਧੀ।)

ਤਖਮੀਨਾ: 14.85 ਲੱਖ ਟੈਂਡਰ ਅਮਾਉਂਟ ਰੁ: 15.65 ਲੱਖ
ਸੇਵਿੰਗ: ਨਿਲ (ਤਖ਼ਮੀਨੇ ਨਾਲੋਂ ਵੱਧ 5.40%) ਟੈਂਡਰ ਪ੍ਰਾਪਤ ਹੋਏ : 1 (ਦੂਜੀ ਵਾਰ)
ਫਰਮ ਦਾ ਨਾਂ:- ਦੀ ਲਕਸ਼ਮੀ ਕੋ.ਅਪ. ਐਲ.ਸੀ. ਸੋਸਾਇਟੀ।

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਰੁ: 14.85 ਲੱਖ ਦਾ ਤਿਆਰ ਕੀਤਾ ਗਿਆ ਹੈ ਜਿਸ ਨੂੰ ਨਗਰ ਨਿਗਮ ਹਾਊਸ ਦੇ ਮਤਾ ਨੰ: 97(64) ਮਿਤੀ: 25.6.2018 ਰਾਹੀਂ ਪ੍ਰਵਾਨ ਕੀਤਾ ਗਿਆ ਸੀ। ਇਸ ਕੰਮ ਲਈ ਦੂਜੀ ਵਾਰ ਟੈਂਡਰ ਮੰਗੇ ਗਏ ਤੇ ਕੇਵਲ ਇੱਕ ਟੈਂਡਰ ਉੱਕਤ ਸੋਸਾਇਟੀ ਦਾ ਪਾਇਆ ਗਿਆ। ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 29.6.2020 ਅਤੇ ਐਸ.ਈ.(ਬੀ ਐਂਡ ਆਰ) ਨੇ ਮਿਤੀ 29.6.2020 ਰਾਹੀਂ ਲਿਖਿਆ ਹੈ ਕਿ ਉਕਤ ਸੋਸਾਇਟੀ ਵਲੋਂ ਤਖ਼ਮੀਨੇ ਨਾਲ 5.40% ਵੱਧ ਰੇਟ ਭਰੇ ਹਨ ਜਿਸ ਤੇ ਕਮਿਸ਼ਨਰ ਜੀ ਨੇ ਸੋਸਾਇਟੀ ਨਾਲ ਨੈਗੋਸ਼ਿਏਸ਼ਨ ਕਰਨ ਲਈ ਕਿਹਾ । ਕਾਰਜਕਾਰੀ ਇੰਜੀਨਿਅਰ ਨੇ ਮਿਤੀ 11.8.2020 ਰਾਹੀਂ ਲਿਖਿਆ ਹੈ ਕਿ ਸਬੰਧਤ ਠੇਕੇਦਾਰ ਵਲੋਂ ਇਸ ਕੰਮ ਲਈ ਤਖ਼ਮੀਨੇ ਦੇ ਵਿਰੁੱਧ **(-0.25%) ਸੇਵਿੰਗ** ਦੀ ਸਹਿਮਤੀ ਦਿੱਤੀ ਹੈ । ਸੰਯੁਕਤ ਕਮਿਸ਼ਨਰ (ਐਸ) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਲਈ ਸਿਫਾਰਸ਼ ਕੀਤੀ ਹੈ। ਜਿਸ ਤੇ ਕਮਿਸ਼ਨਰ ਜੀ ਨੇ ਮਿਤੀ: 20.8.2020 ਰਾਹੀਂ ਅਪਣੇ ਸਹਿਮਤੀ ਹਸਤਾਖਰ ਕੀਤੇ ਹਨ।

ਮੇਅਰ ਜੀ ਦੇ ਹੁੱਕਮਾਂ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ ਹਿੱਤ ਪੇਸ਼ ਹੈ।

ਫੈਸਲਾ :

ਵਿਚਾਰ ਵਟਾਂਦਰੇ ਦੋਰਾਣ ਮੇਅਰ ਜੀ ਨੇ ਦੱਸਿਆ ਸਬੰਧਤ ਠੇਕੇਦਾਰ ਨੇ ਉਹਨਾਂ ਦੇ ਦਫ਼ਤਰ ਆ ਕੇ ਇਸ ਕੰਮ ਸਬੰਧੀ 2% ਸੇਵਿੰਗ ਲਈ ਸਹਿਮਤੀ ਦੇ ਦਿੱਤੀ ਹੈ ਅਤੇ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
31.8.2020

ਮਤਾ ਨੰ: 137

ਵਿਸ਼ਾ:- ਬੀ. ਐਂਡ ਆਰ. ਸ਼ਾਖਾ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਰੁਪਏ ਲੱਖਾਂ ਵਿੱਚ

| Sr. No. | W. No. | Name of Work | Est. Amt. | BOQ/ Sanctioned Amt. | Saving %age | Tender Amt. | Name of Agency | Tender called (No. of Times) | No. of Tenders Received | House Reso. & date |
|---|---|---|---|---|---|---|---|---|---|---|
| 1 | 13 | P/F Interlocking Tiles in the streets of area Baba Budda Ji Nagar | 49.18 | 49.18 | 22.99% | 37.87 | The Suraj Co-op L/C Society | 1st | 4 | 100(35) dt. 29.11.2019 |
| 2 | 12 | P/F interlocking tiles in Bazigar Mohalla and Kaki Pind | 34.37 | 34.37 | 12.36% | 30.12 | The Kundal Co-op L/C Society | 2nd | 1 | 83(20) dt. 29.11.2019 |
| 3 | 12 | P/F interlocking tiles in Baba Budha ji Extension **(UEIP fund)** | 33.00 | 33.00 | 8.99% | 30.03 | S.S.Engg. & Builders | 2nd | 2 | 81(CL-17) Dt. 29.11.2019 |
| 4 | 47 | Widening of JP Nagar Main road in front of H.No. 680 | 1.10 | 1.10 | 8.65% | 1.00 | The Kundal Co-op L/C Society | 1st | 4 | 83(47) dt. 29.11.19 |
| 5 | 17 | Renovation of Maharaja Agarsen Park in Guru Gobind Singh Avenue | 7.91 | 7.91 | 7.22% | 7.34 | Hari Const. Co. | 2nd | 2 | 142(27) dt. 24.12.2019 |
| 6 | G | Const. of RCC road from Bhagwan Valmiki Gate to Adda Hoshiarpur Chowk. (Circular road) | 186.88 | 186.88 | 6.31% | 175.09 | Vikas Bansal Contractor | 6th | 2 | Anti. Dt. 27.2.2020 |
| 7 | 31 | Repair and maintenance of park in GTB Nagar near Manbro Restaurant | 6.50 | 6.50 | 3.07% | 6.30 | Vikas Dhawan | 3rd | 1 | 142(60) dt. 24.12.19 |
| 8 | 19 | P/L RMC on road in Central Town from Geeta Mandir to Bharat Shocker repair. | 31.47 | 31.47 | 2.00% | 30.84 | The Ucha Co.-Op L/c society | 1st | 3 | 83(32) dt. 29.11.2019 |

ਕਾਰਜਕਾਰੀ ਇੰਜੀਨੀਅਰ, ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਅਤੇ ਸੰਯੁਕਤ ਕਮਿਸ਼ਨਰ (ਸ਼) ਨੇ ਵੱਖ-ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ:

ਵਿਚਾਰਣ ਉਪਰੰਤ ਮੇਅਰ ਜੀ ਨੇ ਦੱਸਿਆ ਕਿ ਮੱਦ ਵਿੱਚ ਦਰਜ ਲੜੀ ਨੰ: 1, 2 ਅਤੇ 3 ਦੇ ਟੈਂਡਰ ਇਕੋ ਤਰ੍ਹਾਂ ਦੇ ਕੰਮ ਹਨ ਪ੍ਰੰਤੂ ਸੇਵਿੰਗ ਦਾ ਬਹੁਤ ਅੰਤਰ ਹੈ। ਜਿਸ ਤੇ ਫੈਸਲਾ ਹੋਇਆ ਕਿ ਹਾਲ ਦੀ ਘੜੀ ਇਹ ਟੈਂਡਰ ਲੰਬਿਤ ਰੱਖੇ ਜਾਂਦੇ ਹਨ ਅਤੇ ਸਬੰਧਤ ਠੇਕੇਦਾਰ ਅਜੰਸੀਆਂ ਨੂੰ ਅਗਲੀ ਹੋਣ ਵਾਲੀ ਮੀਟਿੰਗ ਵਿੱਚ ਨੈਗੋਸ਼ਿਏਸ਼ਨ ਲਈ ਬੁਲਾਇਆ ਜਾਵੇ । ਇਹ ਵੀ ਫੈਸਲਾ ਹੋਇਆ ਕਿ ਬਾਕੀ ਦੇ ਟੈਂਡਰਾਂ ਨੂੰ ਪ੍ਰਵਾਨ ਕੀਤਾ ਜਾਂਦਾ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

31.8.2020

ਮਤਾ ਨੰ: 138

ਵਿਸ਼ਾ:- ਓ.ਐਂਡ ਐਮ. ਸ਼ਾਖਾ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆ ਦੇ ਕੰਮਾਂ ਦੇ ਤਖਮੀਨੇ ਓ.ਐਂਡ ਐਮ. ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**ਰੁਪਏ ਲੱਖਾਂ ਵਿੱਚ**

| Sr. No. | W. No. | Name of Work | Est. Amt. | Saving %age | Tender Amt. | Name of Agency | Tender called (No. of Times) | No. of Tenders Received | House Reso. & date |
|---|---|---|---|---|---|---|---|---|---|
| 1 | 6 | ਪ੍ਰੋਵਾਇਡਿੰਗ ਐਂਡ ਲੇਈਂਗ ਆਫ 8" ਡਾਇਆ ਐਸ.ਡਬਲਯੂ ਸੀਵਰ ਲਾਈਨ ਇੰਨ ਲੰਮਾ ਪਿੰਡ | 4.25 | 0.50% | 4.23 | ਮੈ: ਗੁਰੂ ਨਾਨਕ ਪੁਰਾ ਕੋ-ਆਪ ਐਲ.ਸੀ.ਸੋਸਾਇਟੀ | 1st | 3 | 97(26) dt. 29.11.19 |
| 2 | ਜ਼ | ਜ਼ੋਨ ਨੰ: 1 ਪ੍ਰਤਾਪ ਬਾਗ ਅਧੀਨ ਪੈਂਦੇ ਵੱਖ-ਵੱਖ ਵਾਰਡਾਂ ਵਿੱਚ ਅਲੱਗ-ਅਲੱਗ ਸਾਈਜ਼ ਦੀਆਂ ਸੀਵਰ ਲਾਈਨਾਂ ਦੀ ਸਫਾਈ ਸੁਪਰ ਸਕਸ਼ਨ ਮਸ਼ੀਨਾਂ ਰਾਹੀਂ ਕਰਵਾਉਣ ਬਾਰੇ । | 25.20 | 6.15% | 23.65 | ਦੀ ਐਚ.ਪੀ. ਕੋ-ਆਪ ਐਲ.ਸੀ.ਸੋਸਾਇਟੀ | 1st | 4 | 101(19) dt. 29.11.19 |
| 3 | 16 | ਲੇਈਂਗ ਆਫ 4" ਡਾਇਆ ਵਾਟਰ ਸਪਲਾਈ ਲਾਈਨ ਇਨ ਸਤਨਾਮ ਨਗਰ | 1.94 | 0.51% | 1.93 | ਮੈ: ਵਿਕਾਸ ਧਵਨ, ਕੰਟਰੈਕਟਰ | 3rd | 1 | 194(7) dt. 18.10.18 |
| 4 | ਜ਼ | ਯੂਨੀਅਨ ਦੇ ਨੁਮਾਇੰਦਿਆਂ ਨਾਲ ਹੋਈ ਮੀਟਿੰਗ ਵਿੱਚ ਕੀਤੇ ਫੈਸਲੇ ਅਨੁਸਾਰ 3 ਨਵੇਂ ਵੋਲਟਾਸ ਕੰਪਨੀ ਦੇ 40 ਲੀਟਰ ਪਾਣੀ ਵਾਲੇ ਵਾਟਰ ਕੂਲਰ ਖ਼ਰੀਦ ਕੇ ਦੇਣ ਬਾਰੇ । | 1.28 | 0.12% | 1.28 | ਮੈ: ਗੁਪਤਾ ਇਲੈਕਟ੍ਰਿਕ ਸਟੋਰ, ਜਲੰਧਰ | 2nd | 1 | Anti. Dt. 12.6.2020 |
| 5 | 39 | ਲੇਈਂਗ ਆਫ ਨਿਊ ਸੀਵਰ ਲਾਈਨ ਐਟ ਜਲੋਵਾਲ ਅਬਾਦੀ ਰੋਡ ਨਿਅਰ ਸ਼ੋਕਰ ਫੈਕਟਰੀ | 7.46 | 0.50% | 7.42 | ਮੈ: ਦੀ ਆਦਿ ਕੋ-ਆਪ ਐਲ.ਸੀ.ਸੋਸਾਇਟੀ | 1st | 3 | 144(8) dt 24.12.19 |

ਕਾਰਜਕਾਰੀ ਇੰਜੀਨੀਅਰ, ਨਿਗਰਾਨ ਇੰਜੀਨਿਅਰ (ਓ ਐਂਡ ਐਮ) ਸ਼ਾਖਾ ਅਤੇ ਸੰਯੁਕਤ ਕਮਿਸ਼ਨਰ(ਈ) ਨੇ ਵੱਖ-ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

31.8.2020

ਮਤਾ ਨੰ: 139

ਵਿਸ਼ਾ:- ਵਾਟਰ ਸਪਲਾਈ ਦੀ ਬਿਲਿੰਗ ਬ੍ਰਾਂਚ ਵਾਸਤੇ ਪ੍ਰਿੰਟਿੰਗ ਸਟੇਸ਼ਨਰੀ ਦੀ ਖਰੀਦ ਬਾਰੇ ਸਲਾਨਾ ਤਖਮੀਨਾ।

| | | | |
|---|---|---|---|
| ਤਖਮੀਨਾ ਰੁਪਏ: | 6,20,605/- | ਸੋਧਿਆ ਤਖਮੀਨਾ ਰੁ:: | 6,21,135/- |
| ਟੈਂਡਰ ਮੰਗੇ ਰੁ: | 6,21,135/- | ਟੈਂਡਰ ਅਮਾਉਂਟ ਰੁ:: | 4,47,217/- |
| ਕੰਮ ਦੀ ਲਾਗਤ: | 1,48,780/- | ਅਜੰਸੀ ਦਾ ਨਾਂ: | ਮੈਸਰਜ ਸਾਹਨੀ ਇੰਟਰਪ੍ਰਾਈਜਜ, ਜਲੰਧਰ। |

ਪੜਿਆ ਨੋਟ ਸੁਪਰਡੰਟ ਸਟੋਰ ਮਿਤੀ 12.1.2018 ਕਿ ਉਪਰੋਕਤ ਵਿਸ਼ੇ ਦੇ ਅਧੀਨ ਸਮਾਨ ਖਰੀਦਣ ਲਈ ਤਖਮੀਨਾ ਰੁ: 6,20,605/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 70(50) ਮਿਤੀ 24-01-2014 ਰਾਂਹੀ ਦਿੱਤੀ ਸੀ। ਈ ਟੈਂਡਰ ਲਗਾਉਣ ਵੇਲੇ ਇਸ ਦਾ ਬੀ.ਓ.ਕਉ ਤਿਆਰ ਕੀਤਾ ਗਿਆ।ਜਿਸ ਅਨੁਸਾਰ ਤਖਮੀਨੇ ਦੀ ਰਾਸ਼ੀ ਰੁ: 6,21,135/- ਬਣਦੀ ਹੈ।ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 511 ਮਿਤੀ 07-04-2014 ਰਾਂਹੀ ਇਹ ਫੈਸਲਾ ਕੀਤਾ ਗਿਆ ਕਿ 50% ਸਮਾਨ ਦੀ ਖਰੀਦ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

ਇਥੇ ਇਹ ਦੱਸਣਯੋਗ ਹੈ ਕਿ ਮਾਨਯੋਗ ਕਮਿਸ਼ਨਰ ਜੀ ਨਾਲ ਵਿਚਾਰ ਕੀਤਾ ਗਿਆ ਕਿ ਪਾਣੀ ਅਤੇ ਸੀਵਰੇਜ਼ ਦੇ ਬਿੱਲ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬਿਜਲੀ ਦੇ ਬਿੱਲਾਂ ਨਾਲ ਲੱਗ ਕੇ ਆਉਣੇ ਹਨ।ਇਸ ਲਈ ਪਾਣੀ ਅਤੇ ਸੀਵਰੇਜ਼ ਦੇ ਬਿੱਲ ਜਿਆਦਾ ਛੱਪਾਉਣ ਦੀ ਲੋੜ ਨਹੀ ਹੈ। ਇਸ ਲਈ ਹਾਲ ਦੀ ਘੱੜੀ ਰੁਪਏ 1.50 ਲੱਖ ਤੱਕ ਹੀ ਬਿੱਲਾ ਦੀ ਖਰੀਦ ਕੀਤੀ ਜਾਵੇ ਅਤੇ ਨਾਲ ਹੀ ਮਿਤੀ 08.02.2016 ਰਾਂਹੀ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 10 ਰਾਂਹੀ ਪ੍ਰਵਾਨਗੀ ਦਿੱਤੀ ਗਈ ਹੈ।

ਫਰਮ ਨਾਲ ਇਕਰਾਰਨਾਮਾ ਕਰਨ ਉਪਰੰਤ ਵਰਕ ਆਰਡਰ ਨੰ: ਐਸ ਪੀ ਓ/169 ਮਿਤੀ 12-04-2016 ਨੂੰ ਜਾਰੀ ਕੀਤਾ ਗਿਆ ਤੇ ਕੰਮ ਨੂੰ ਮੁਕੰਮਲ ਕਰਨ ਦੇ ਵਾਸਤੇ 6 ਮਹੀਨੇ ਦਾ ਸਮਾਂ ਦਿੱਤਾ ਗਿਆ। ਫਰਮ ਨੇ ਅੰਦਰ ਮਿਆਦ ਸਪਲਾਈ ਕਰਕੇ ਆਪਣੀ ਅਦਾਇਗੀ ਦੀ ਮੰਗ ਕੀਤੀ ਹੈ। ਜਿਸ ਦਾ ਬਿੱਲ ਨੰ: 328 ਮਿਤੀ 27-04-2016 ਵਿੱਚ ਦਰਜ ਹੈ। ਜਿਸ ਦਾ ਅੰਦਰਾਜ ਸਟਾਕ ਰਜਿਸਟਰ ਨੰ: 8 ਪੰਨਾ ਨੰ: 27 ਵਿੱਚ ਦਰਜ ਹੈ।

ਬਿੱਲਾਂ ਦੀ ਦੁਬਾਰਾ ਪੜਤਾਲ ਕੀਤੀ ਗਈ ਹੈ, ਜਿਸ ਵਿੱਚ ਹੇਠ ਅਨੁਸਾਰ ਪ੍ਰੇਖਣ ਕੀਤਾ ਗਿਆ ਹੈ।

ਅਜੰਸੀ ਨੂੰ ਪਹਿਲੇ ਬਿੱਲ ਦੀ ਅਦਾਇਗੀ ਰੁ: 92,773/- ਕੀਤੀ ਗਈ, ਜ਼ੋ ਕਿ ਬਿਲਕੁੱਲ ਠੀਕ ਹੈ। ਦੂਸਰੇ ਬਿੱਲ ਦੀ ਅਦਾਇਗੀ ਰੁ: 1,22,112/- ਕੀਤੀ ਗਈ, ਜੱਦ ਕਿ ਲੇਖਾ ਸ਼ਾਖਾ/ਆਡਿਟ ਸ਼ਾਖਾ ਵੱਲੋ ਰੁ: 1,29,500/- ਦਾ ਪਾਸ ਕੀਤਾ ਗਿਆ, ਜਿਸ ਦੀ ਅਦਾਇਗੀ ਰੁ: 1,26,520/- ਜਮ੍ਹਾਂ ਇੰਕਮ ਟੈਕਸ ਰੁ: 2,980/- ਕੱਟ ਕੇ ਕੀਤੀ ਜਾਣੀ ਸੀ, ਪਰ ਅਦਾਇਗੀ ਇੰਕਮ ਟੈਕਸ ਕੱਟਕੇ ਰੁ: 1,22,112/- ਕੀਤੀ ਗਈ ਹੈ, ਜ਼ੋ ਕਿ ਗਲਤ ਹੈ, ਰੁ: 4,408/- ਅਜੰਸੀ ਨੂੰ ਘੱਟ ਦਿੱਤੇ ਗਏ ਹਨ।

ਤੀਸਰੇ ਬਿੱਲ ਦੀ ਚੈਕਿੰਗ ਕਰਦੇ ਸਮੇਂ ਧਿਆਨ ਵਿੱਚ ਆਇਆ ਹੈ, ਕਿ ਵਿੱਤ ਅਤੇ ਠੇਕਾ ਕਮੇਟੀ ਵੱਲੋ ਮਤਾ ਨੰ: 10 ਮਿਤੀ 08-04-2016 ਰਾਂਹੀ ਅਜੰਸੀ ਤੋਂ ਰੁ: 1,50,000/- ਤੱਕ ਦੀ ਖਰੀਦ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਸੀ। ਜਿਸ ਦੀ ਪਾਲਨਾ ਕਰਦੇ ਹੋਏ ਅਜੰਸੀ ਨੂੰ ਆਰਡਰ ਨੰ: SPO/169/12-04-2016 ਰਾਂਹੀ ਰੁ: 1,94,850/- ਦਾ ਸਮਾਨ ਸਪਲਾਈ ਕਰਨ ਲਈ ਕਿਹਾ ਗਿਆ ਸੀ, ਤੇ ਨਾਲ ਹੀ ਲਿਖਿਆ ਗਿਆ ਸੀ, ਕੇ ਇਸ ਸਮਾਨ ਦੀ ਰੁ: 1,50,000/- ਤੱਕ ਦੀ ਅਦਾਇਗੀ ਕੀਤੀ ਜਾਵੇਗੀ, ਅਤੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਵਿੱਤ ਅਤੇ ਠੇਕਾ ਕਮੇਟੀ ਦੇ ਪਹਿਲੇ ਮਤਾ ਨੰ: 514 ਮਿਤੀ 07-11-2014 ਰਾਂਹੀ ਉਕਤ ਕੰਮ ਲਈ ਮੰਜੂਰ ਤਖਮੀਨੇ ਵਿੱਚੋ ਸਿਰਫ 50% ਹੀ ਪ੍ਰਵਾਨਗੀ ਦਿੱਤੀ ਗਈ ਸੀ। ਜਿਸ ਵਿੱਚੋ 3,10,555/- ਦੀ ਰਕਮ ਬਕਾਇਆ ਬਚਣੀ ਸੀ। ਦਫਤਰ ਦੀ ਲੋੜ ਨੂੰ ਮੁੱਖ ਰਖਦੇ ਹੋਏ ਸਪਲਾਈਰ ਨਾਲ ਸੰਯੁਕਤ ਕਮਿਸ਼ਨਰ ਜੀ ਦੇ ਲੇਵਲ ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਜਿਸ ਵਿੱਚ ਸਪਲਾਈਰ ਨਾਲ ਗੱਲ ਬਾਤ ਕੀਤੀ ਗਈ ਅਤੇ ਸਪਲਾਈਰ ਨੂੰ ਪਹਿਲੇ ਦਿੱਤੇ ਰੇਟਾਂ ਦੇ ਸਪਲਾਈ ਕਰਨ ਦੀ ਸਹਿਮਤੀ ਲਿੱਤੀ ਗਈ ਸੀ।

ਇਸ ਤਰ੍ਹਾਂ ਤੀਜਾ ਬਿੱਲ ਅਦਾਇਗੀ ਲਈ ਸਪਲਾਈਰ ਵੱਲੋ ਵਰਕ ਆਰਡਰ ਮੁਤਾਬਿਕ ਰੁ: 1,48,780/- ਦਾ ਪੇਸ਼ ਕੀਤਾ ਗਿਆ, ਪਰ ਲੇਖਾ ਸ਼ਾਖਾ ਵੱਲੋ ਬਿੱਲ ਨੂੰ ਗਲਤ ਕੇਲਕੂਲੇਟ ਕਰਕੇ ਅਤੇ ਸਹੀ ਕਟਣ ਯੋਗ ਟੈਕਸ ਰਕਮ ਵੀ ਕੱਟ ਕੇ ਬਿੱਲ ਦੀ ਰਕਮ ਰੁ: 1,13,999/- ਕੀਤੀ ਗਈ, ਜੱਦ ਕਿ ਸਪਲਾਈਰ ਨੂੰ ਰੁ: 1,48,780/- ਦੀ ਰਕਮ ਅਦਾ ਕੀਤੀ ਜਾਣੀ ਸੀ। ਇਸ ਤਰ੍ਹਾਂ ਤੀਸਰੇ ਬਿੱਲ ਵਿੱਚ ਰੁ: 37,411/- ਦੀ ਅਦਾਇਗੀ ਸਪਲਾਈਰ ਨੂੰ ਘੱਟ ਕੀਤੀ ਗਈ ਹੈ, ਉਕਤ ਜਾਂਚ ਨੂੰ ਮੁੱਖ ਰਖਦੇ ਹੋਏ ਤਜਵੀਜ ਕੀਤਾ ਜਾਂਦਾ ਹੈ ਕਿ ਘੱਟ ਰੁ: 4,408/- ਅਤੇ ਤੀਜੇ ਬਿੱਲ ਵਿੱਚੋ ਰੁ: 37,411/- ਕੁੱਲ ਰੁ: 41,818/- ਦੀ ਅਦਾਇਗੀ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਕਿਉ ਜ਼ੋ ਹੁਣ ਕੰਮ ਖਤਮ ਹੋ ਚੁੱਕੇ ਹੈ, ਇਸ ਲਈ ਅਜੰਸੀ ਵੱਲੋ ਉਕਤ ਕੰਮ ਲਈ ਜਮ੍ਹਾਂ ਕਰਵਾਈ ਜਮਾਨਤੀ ਰਕਮ ਰੁ: 12,500/- ਵੀ ਵਾਪਿਸ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।ਸੰਯੁਕਤ ਕਮਿਸ਼ਨਰ (ਹ) ਨੇ ਮਿਤੀ 4.6.2019 ਰਾਹੀਂ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 11.6.2019 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 11.6.2019 ਰਾਹੀਂ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ :

ਪ੍ਰਵਾਨ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

31.8.2020